My new preschool

# ਮੇਰਾ ਨਵਾਂ ਪ੍ਰੀ ਸਕੂਲ (ਮੁਢਲਾ ਸਕੂਲ)



ਇਸ ਦਸਤਾਵੇਜ਼ ਦੀਆਂ ਸਾਰੀਆਂ ਤਸਵੀਰਾਂ ਕਾਪੀਰਾਈਟ ਕਾਨੂੰਨ 1968 (Copyright Act 1968 (Cth)) ਅਧੀਨ NSW ਦੇ ਵਿਦਿਅਕ ਵਿਭਾਗ ਦੀ ਮਲਕੀਅਤ ਹਨ ਜਾਂ ਇਹ iStock ਦੇ ਅਧੀਨ Getty Images Content License Agreement ਦੀਆਂ ਲਾਇਸੰਸਸ਼ੁਦਾ ਹਨ।

ਇਹ ਮੇਰੇ ਪ੍ਰੀ ਸਕੂਲ ਦਾ ਗੇਟ ਹੈ।



ਮੇਰੇ ਕੋਲ ਇੱਕ ਪ੍ਰੀ ਸਕੂਲ ਦਾ ਬੈਗ ਹੈ ਜੋ ਮੈਂ ਆਪਣੀ ਪਿੱਠ ‘ਤੇ ਚੁੱਕਦਾ ਹਾਂ।
ਜਦੋਂ ਮੈਂ ਪ੍ਰੀ ਸਕੂਲ ਪਹੁੰਚਦਾ ਹਾਂ ਤਾਂ ਮੈਂ ਇਸ ਨੂੰ ਇੱਕ ਖਾਸ ਜਗ੍ਹਾ ‘ਤੇ ਰੱਖਦਾ ਹਾਂ।



ਮੈਂ ਪ੍ਰੀ ਸਕੂਲ ਨੂੰ ਦੁਪਿਹਰ ਦੇ ਖਾਣੇ ਦਾ ਡੱਬਾ ਅਤੇ ਪਾਣੀ ਦੀ ਬੋਤਲ ਲੈ ਕੇ ਜਾਂਦਾ ਹਾਂ।
ਜਦੋਂ ਮੈਨੂੰ ਪਿਆਸ ਲੱਗਦੀ ਹੈ ਤਾਂ ਮੈਂ ਆਪਣੇ ਪੀਣ ਲਈ ਪਾਣੀ ਲੈ ਲੈਂਦਾ ਹਾਂ।





ਮੇਰੇ ਕੋਲ ਪ੍ਰੀ ਸਕੂਲ ਵਿੱਚ ਪਹਿਨਣ ਲਈ ਇੱਕ ਟੋਪੀ ਹੈ।
ਮੈਂ ਇਸ ਨੂੰ ਧੁੱਪ ਤੋਂ ਬੱਚਣ ਲਈ ਬਾਹਰ ਖੇਡਣ ਦੇ ਸਮੇਂ ਪਹਿਨਦਾ ਹਾਂ।



ਮੇਰੇ ਪ੍ਰੀ ਸਕੂਲ ਵਿੱਚਲੇ ਵੱਡੇ ਲੋਕ ਮੇਰੀ ਦੇਖਭਾਲ ਕਰਦੇ ਹਨ ਅਤੇ ਸਿਖਿਆ ਵਿੱਚ ਮੇਰੀ ਸਹਾਇਤਾ ਕਰਦੇ ਹਨ। ਜਦੋਂ ਮੈਂ ਉਦਾਸ ਹੁੰਦਾ ਹਾਂ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਅਤੇ ਉਹ ਮੈਨੂੰ ਬਿਹਤਰ ਮਹਿਸੂਸ ਕਰਨ ਵਿੱਚ ਮੇਰੀ ਸਹਾਇਤਾ ਕਰਦੇ ਹਨ। ਵੱਡੇ ਲੋਕ ਹਰ ਕਿਸੇ ਨੂੰ ਚੰਗੇ ਦੋਸਤ ਬਣਨ ਬਾਰੇ ਪ੍ਰੇਰਤ ਕਰਦੇ ਹਨ।



ਪ੍ਰੀ ਸਕੂਲ ਵਿੱਚ ਮੇਰੇ ਕੁੱਝ ਪੁਰਾਣੇ ਦੋਸਤ ਹਨ ਜਿਨ੍ਹਾਂ ਨਾਲ ਮੈਂ ਖੇਡਦਾ ਹਾਂ, ਅਤੇ ਕੁੱਝ ਨਵੇਂ ਵੀ ਹਨ। ਕਈ ਵਾਰ ਹਾਲਾਂਕਿ ਮੈਂ ਆਪਣੇ ਆਪ ਹੀ ਖੇਡਣਾ ਪਸੰਦ ਕਰਦਾ ਹਾਂ।






ਪ੍ਰੀ ਸਕੂਲ ਵਿੱਚ ਖੇਡਣ ਲਈ ਬਹੁਤ ਸਾਰੀਆਂ ਵੱਖੋ ਵੱਖਰੀਆਂ ਚੀਜਾਂ ਹਨ। ਹਰ ਰੋਜ਼ ਮੈਂ ਉਹ ਚੁਣਦਾ ਹਾਂ ਜੋ ਮੈਂ ਕਰਨਾ ਚਹੁੰਦਾ ਹਾਂ। ਮੈਨੂੰ ਮਨੋਰੰਜਨ ਕਰਨਾ ਅਤੇ ਨਵੀਆਂ ਚੀਜਾਂ ਸਿੱਖਣੀਆਂ ਬਹੁਤ ਪਸੰਦ ਹਨ।






ਜਦੋਂ ਮੈਂ ਅੰਦਰ ਖੇਡਦਾ ਹਾਂ, ਮੈਂ ਕਾਗਜ਼ ਅਤੇ ਬਕਸਿਆਂ ਨਾਲ ਚੀਜਾਂ ਬਣਾਉਣੀਆਂ ਪਸੰਦ ਕਰਦਾ ਹਾਂ। ਜਦੋਂ ਮੈਂ ਉਦਾਸੀ ਮਹਿਸੂਸ ਕਰਦਾ ਹਾਂ, ਮੈਂ ਬਲਾਕਾਂ ਨਾਲ ਉਸਾਰੀ ਕਰਦਾ ਹਾਂ ਜਿਵੇਂ ਮੈਂ ਘਰ ਵਿੱਚ ਕਰਦਾ ਹਾਂ।



ਜਦੋਂ ਮੈਂ ਬਾਹਰ ਖੇਡਦਾ ਹਾਂ, ਤਾਂ ਮੈਂ ਉਪਕਰਣਾਂ ‘ਤੇ ਦੌੜਨਾ ਅਤੇ ਉੱਚਾ ਚੜ੍ਹਨਾ ਪਸੰਦ ਕਰਦਾ ਹਾਂ।  ਮੈਨੂੰ ਰੇਤ ਨਾਲ ਖੇਡਣਾ ਵੀ ਪਸੰਦ ਹੈ।





ਜਦੋਂ ਖੇਡਣ ਦਾ ਸਮਾਂ ਪੂਰਾ ਹੁੰਦਾ ਹੈ, ਮੈਂ ਖਿਡੌਣਿਆਂ ਨੂੰ ਪੈਕ ਕਰਨ ਵਿੱਚ ਮਦਦ ਕਰਦਾ ਹਾਂ। ਸਾਡੇ ਪ੍ਰੀ ਸਕੂਲ ਦੀ ਦੇਖਭਾਲ ਕਰਨੀ ਅਤੇ ਇਸ ਨੂੰ ਸਾਫ ਸੁਥਰਾ ਰੱਖਣਾ ਚੰਗਾ ਹੈ।



ਕਦੇ ਕਦੇ, ਬੱਚੇ ਅਤੇ ਵਡੇਰੇ ਲੋਕ ਨਵੀਆਂ ਚੀਜਾਂ ਸਿੱਖਣ ਲਈ ਅਤੇ ਗੀਤ ਗਾਉਣ ਲਈ ਇਕੱਠੇ ਹੁੰਦੇ ਹਨ। ਅਸੀਂ ਇਕੱਠੇ ਕਹਾਣੀਆਂ ਸਾਂਝੀਆਂ ਕਰਨ ਦਾ ਵੀ ਆਨੰਦ ਮਾਣਦੇ ਹਾਂ, ਜਿਵੇਂ ਮੈਂ ਘਰ ਵਿੱਚ ਕਰਦਾ ਹਾਂ।





ਜਦੋਂ ਮੇਰਾ ਨੱਕ ਵੱਗਦਾ ਹੈ, ਮੈਂ ਇੱਕ ਟਿਸ਼ੂ ਪੇਪਰ ਲੈ ਲੈਂਦਾ ਹਾਂ ਅਤੇ ਇਸ ਨੂੰ ਸਾਫ ਕਰਦਾ ਹਾਂ। ਜਦੋਂ ਮੈ ਇਹ ਕਰ ਲੈਂਦਾ ਹਾਂ, ਮੈਨੂੰ ਯਾਦ ਹੁੰਦਾ ਹੈ ਕਿ ਟਿਸ਼ੂ ਨੂੰ ਕੂੜੇਦਾਨ ਵਿੱਚ ਸੁਟ ਕੇ ਆਪਣੇ ਹੱਥ ਧੋਣੇ ਹਨ।





ਮੇਰੇ ਪ੍ਰੀ ਸਕੂਲ ਵਿੱਚ ਇੱਕ ਬਹੁਤ ਵੱਡਾ ਗੁਸਲਖਾਨਾ ਹੈ। ਜਦੋਂ ਮੈਂਨੂੰ ਟਾਇਲਟ ਵਰਤਣ ਦੀ ਲੋੜ ਪੈਂਦੀ ਹੈ, ਤਾਂ ਮੈਂ ਗੁਸਲਖਾਨੇ ਵਿੱਚ ਜਾਂਦਾ ਹਾਂ। ਫਿਰ ਜਦੋਂ ਮੈਂ ਆਪਣਾ ਕੰਮ ਪੂਰਾ ਕਰ ਲੈਂਦਾ ਹਾਂ, ਮੈਂ ਟਾਇਲਟ ਨੂੰ ਫਲੱਸ਼ ਕਰਦਾ ਹਾਂ ਅਤੇ ਆਪਣੇ ਹੱਥ ਧੋ ਲੈਂਦਾ ਹਾਂ।





ਮੈਂ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਣ ਬਾਅਦ ਉਨ੍ਹਾਂ ਨੂੰ ਸੁਕਾ ਲੈਂਦਾ ਹਾਂ। ਮੈਂ ਆਪਣੇ ਹੱਥਾਂ ਨੂੰ ਧੋਣਾ ਯਾਦ ਰੱਖਣ ਵਿੱਚ ਬਹੁਤ ਵੱਧੀਆ ਹਾਂ। ਮੈਂ ਇਹ ਸੁਨਿਸਚਿਤ ਕਰਦਾ ਹਾਂ ਕਿ ਮੈਂ ਸਾਰੇ ਕੀਟਾਣੂਆਂ ਨੂੰ ਧੋ ਦੇਵਾਂ ਤਾਂ ਜੋ ਮੈਂ ਸਿਹਤਮੰਦ ਰਹਾਂ।





ਮੈਂ ਦੂਸਰੇ ਬੱਚਿਆ ਦੇ ਨਾਲ ਦੁਪਿਹਰ ਦਾ ਖਾਣਾ ਖਾਂਦਾ ਹਾਂ। ਜੇ ਮੈਂ ਆਪਣੇ ਪੈਕ ਕੀਤੇ ਭੋਜਨ ਨੂੰ ਨਾਂ ਖੋਲ ਸੱਕਾਂ, ਤਾਂ ਮੈਂ ਕਿਸੇ ਵੱਡੇ ਵਿੱਅਕਤੀ ਦੀ ਮਦਦ ਲੈਂਦਾ ਹਾਂ। ਮੈਂ ਹਮੇਸ਼ਾਂ ਆਪਣਾ ਸਿਹਤਮੰਦ ਭੋਜਨ ਪਹਿਲਾਂ ਖਾਂਦਾ ਹਾਂ ਤਾਂ ਜੋ ਮੈਂ ਨਰੋਆ ਅਤੇ ਸਿਹਤਮੰਦ ਰਹਾਂ। ਜੇ ਮੈਂ ਆਪਣਾ ਸਾਰਾ ਭੋਜਨ ਨਾਂ ਖਾ ਸੱਕਾਂ, ਤਾਂ ਜਿਹੜਾਂ ਭੋਜਨ ਬੱਚਿਆ ਹੁੰਦਾ ਹੈ, ਮੈਂ ਉਸ ਨੂੰ ਪੈਕ ਕਰ ਲੈਂਦਾ ਹਾਂ ਅਤੇ ਉਸ ਨੂੰ ਘਰ ਲੈ ਜਾਂਦਾ ਹਾਂ।



ਦੁਪਿਹਰ ਦਾ ਖਾਣਾ ਖਾਣ ਤੋਂ ਬਾਅਦ, ਸ਼ਾਂਤ ਦਾ ਸਮਾਂ ਹੁੰਦਾ ਹੈ। ਸਾਰੇ ਬੱਚੇ ਕੁੱਝ ਸ਼ਾਂਤ ਕੰਮ ਕਰਦੇ ਹਨ, ਜਿਵੇਂ ਕਿ ਕੋਈ ਕਿਤਾਬ ਵੇਖਣੀ, ਪਹੇਲੀਆਂ ਜਾਂ ਡਰਾਇੰਗ ਕਰਨੀ। ਜਦੋਂ ਵੀ ਮੇਰਾ ਸਰੀਰ ਥੱਕਾਵਟ ਮਹਿਸੂਸ ਕਰਦਾ ਹੈ, ਮੈਂ ਲੇਟ ਜਾਂਦਾ ਹਾਂ ਅਤੇ ਆਰਾਮ ਕਰਦਾ ਹਾਂ।





ਜਦੋਂ ਲਗਬਗ ਘਰ ਜਾਣ ਦਾ ਸਮਾ ਹੁੰਦਾ ਹੈ, ਮੈਂ ਆਪਣਾ ਬੈਗ ਪੈਕ ਕਰ ਲੈਂਦਾ ਹਾਂ ਅਤੇ ਉਸ ਨੂੰ ਆਪਣੀ ਪਿੱਠ ‘ਤੇ ਰੱਖ ਲੈਂਦਾ ਹਾਂ, ਜਾਣ ਲਈ ਤਿਆਰੀ।



ਪ੍ਰੀ ਸਕੂਲ ਦੇ ਦਿੱਨ ਦੇ ਅੰਤ ਵਿੱਚ ਸਾਰੇ  ਬੱਚਿਆਂ ਦਾ ਕੋਈ ਵੱਡਾ ਵਿਅੱਕਤੀ ਹੁੰਦਾ ਹੈ ਜਿਹੜਾ ਉਨ੍ਹਾਂ ਨੂੰ ਲੈਣ ਲਈ ਆਉਂਦਾ ਹੈ।





ਜਦੋਂ ਮੈਂ ਜਾਂਦਾ ਹਾਂ, ਮੈਂ ਮੁਸਕਰਾਉਂਦੇ ਹੋਏ ਸਾਰੇ ਵੱਡੇ ਵਿਅੱਕਤੀਆਂ ਨੂੰ ਅਲਵਿਦਾ ਕਹਿੰਦਾ ਹਾਂ ਅਤੇ ਬੱਚਿਆਂ ਨੂੰ ਮੈਂ ਕਹਿੰਦਾ ਹਾਂ, “ਖੇਡਣ ਲਈ ਧੰਨਵਾਦ, ਅਗ਼ਲੀ ਵਾਰ ਮਿਲਾਂਗੇ।“
ਜਦੋਂ ਸਾਰੇ ਚਲੇ ਜਾਂਦੇ ਹਨ, ਮੇਰਾ ਪ੍ਰੀ ਸਕੂਲ ਬੰਦ ਹੋ ਜਾਂਦਾ ਹੈ।

